**Directorate Of Education, GNCT Of Delhi**

**Practice Paper**

**Session- 2023-24**

**Class- x**

**Subject- Punjabi (004)**

**Time - 3 hrs** **Maximum Marks- 80**

| **ਆਮ ਨਿਰਦੇਸ਼** |
|---|
| ❖ ਸਾਰੇ ਪ੍ਰਸ਼ਨ ਲਾਜ਼ਮੀ ਹਨ\|ਪ੍ਰਸ਼ਨਾਂ ਵਿੱਚ ਅੰਦਰੂਨੀ ਚੋਣ ਵੀ ਦਿੱਤੀ ਗਈ ਹੈ\|ਉਸਨੂੰ ਧਿਆਨ ਨਾਲ ਵੇਖ ਕੇ ਹੱਲ ਕੀਤਾ ਜਾਵੇ। <br> ❖ ਬਹੁ-ਵਿਕਲਪੀ ਉੱਤਰਾਂ ਵਾਲੇ ਪ੍ਰਸ਼ਨਾਂ ਦੇ ਉੱਤਰ ਲਿਖਦੇ ਸਮੇਂ ਵਿਕਲਪ ਨੰਬਰ ਦੇ ਨਾਲ-ਨਾਲ ਉੱਤਰ ਵੀ ਲਿਖਿਆ ਜਾਵੇ। <br> ❖ ਉੱਤਰਾਂ ਨੂੰ ਧਿਆਨ ਨਾਲ ਲਿਖਿਆ/ਉੱਤਰ-ਸ਼ੀਟ 'ਤੇ ਦਰਜ ਕੀਤਾ ਜਾਵੇ। |

| **ਪ੍ਰਸ਼ਨ** | **ਭਾਗ-ੳ (ਪੜ੍ਹਨ ਕੌਸ਼ਲ)** | **ਅੰਕ** |
|---|---|---|
| 1. | ਹੇਠ ਲਿਖੇ ਵਾਰਤਕ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਉਹਨਾਂ ਦੇ ਹੇਠਾਂ ਦਿੱਤੇ ਗਏ ਵਿਕਲਪਾਂ ਦੇ ਆਧਾਰ 'ਤੇ ਚੁਣ ਕੇ ਉੱਤਰ ਸ਼ੀਟ ਵਿੱਚ ਦਰਜ ਕਰੋ। <br> ਜੋ ਕੁਝ ਵੀ ਅਸੀਂ ਆਪਣੇ ਆਲ਼ੇ-ਦੁਆਲ਼ੇ ਵੇਖਦੇ ਹਾਂ ,ਉਹ ਸਭ ਕੁਦਰਤ ਦਾ ਨਿਰਮਾਣ ਕਰਦੇ ਹਨ ਜਿਸ ਵਿੱਚ ਸੂਰਜ ,ਚੰਦਰਮਾ ,ਰੁੱਖ ,ਫੁੱਲ ,ਫਲ ,ਮਨੁੱਖ ,ਪੰਛੀ ,ਜਾਨਵਰ ਆਦਿ ਸ਼ਾਮਲ ਹਨ। ਕੁਦਰਤ ਵਿੱਚ ਹਰ ਕੋਈ ਵਾਤਾਵਰਨ ਪ੍ਰਣਾਲੀ ਨੂੰ ਸਿਹਤਮੰਦ ਰੱਖਣ ਲਈ ਇੱਕ ਦੂਜੇ ਉੱਤੇ ਨਿਰਭਰ ਕਰਦਾ ਹੈ। ਜਿਉਂਦੇ ਰਹਿਣ ਲਈ ਹਰ ਪ੍ਰਾਣੀ ਆਪਸ ਵਿੱਚ ਜੁੜਿਆ ਹੋਇਆ ਹੈ ਅਤੇ ਇੱਕ ਦੂਜੇ ਉੱਤੇ ਨਿਰਭਰ ਹੈ। ਉਦਾਹਰਨ ਵਜੋਂ ,ਮਨੁੱਖ ਆਪਣੀ ਹੋਂਦ ਲਈ ਕੁਦਰਤ 'ਤੇ ਨਿਰਭਰ ਕਰਦੇ ਹਨ ਅਤੇ ਕੁਦਰਤ ਸਾਨੂੰ ਹੋਰ ਚੀਜ਼ਾਂ ਦੇ ਨਾਲ ਆਕਸੀਜਨ,ਭੋਜਨ,ਪਾਣੀ,ਰਿਹਾਇਸ਼ ,ਦਵਾਈਆਂ ਅਤੇ ਕੱਪੜੇ ਪ੍ਰਦਾਨ ਕਰਦੀ ਹੈ। ਕੁਦਰਤ ਵਿੱਚ ਬਹੁਤ ਸਾਰੇ ਰੰਗ ਦੇਖੇ ਜਾ ਸਕਦੇ ਹਨ ,ਜੋ ਗ੍ਰਹਿ ਦੀ ਸੁੰਦਰਤਾ ਵਿੱਚ ਯੋਗਦਾਨ ਪਾਉਂਦੇ ਹਨ। ਮਨੁੱਖਾਂ ਦੇ ਨਾਲ ਜਾਨਵਰ ਅਤੇ ਪੰਛੀ ਵੀ ਕੁਦਰਤ ਵਿੱਚ ਆਪਣਾ ਨਿਵਾਸ ਸਥਾਨ ਅਤੇ ਬਚਾਵ ਦੇ ਸਾਧਨ ਲੱਭਦੇ ਹਨ। ਇਸ ਲਈ ਸਿਹਤਮੰਦ ਜੀਵਨ ਨੂੰ ਬਣਾਈ ਰੱਖਣ ਲਈ ਕੁਦਰਤ ਦੀ ਸਹੀ ਦੇਖਭਾਲ ਕਰਨਾ ਜ਼ਰੂਰੀ ਹੈ। ਵਧਦੀ ਆਬਾਦੀ ਦੇ ਨਾਲ ਕੁਦਰਤ ਪ੍ਰਤੀ ਖਤਰੇ ਵਧਦੇ ਜਾ ਰਹੇ ਹਨ। ਆਬਾਦੀ ਵਿੱਚ ਵਾਧੇ ਦੇ ਨਾਲ, ਸਰੋਤ | 1x6=6 |

DoE Delhi

ਹੁਣ ਘੱਟ ਰਹੇ ਹਨ।ਉਦਯੋਗਿਕ ਰਹਿੰਦ-ਖੂੰਹਦ, ਬੇਰੋਕ ਵਾਹਨਾਂ ਦੀ ਵਰਤੋਂ, ਗੈਰ-ਕਾਨੂੰਨੀ ਰੁੱਖਾਂ ਦੀ ਕਟਾਈ, ਜੰਗਲੀ ਜੀਵਾਂ ਦਾ ਸ਼ਿਕਾਰ, ਪ੍ਰਮਾਣੂ ਊਰਜਾ ਪਲਾਂਟ ਅਤੇ ਕਈ ਹੋਰ ਕਾਰਕ ਕੁਦਰਤੀ ਪ੍ਰਣਾਲੀਆਂ ਦੇ ਵਿਘਨ ਵਿੱਚ ਯੋਗਦਾਨ ਪਾ ਰਹੇ ਹਨ। ਇਹ ਯਾਦ ਰੱਖਣਾ ਲਾਜ਼ਮੀ ਹੈ, ਹੋਰ ਚੀਜ਼ਾਂ ਦੇ ਨਾਲ, ਕੁਦਰਤ ਇੱਕ ਰੱਖਿਆਤਮਕ ਅਤੇ ਵਿਨਾਸ਼ਕਾਰੀ ਦੋਵੇਂ ਭੂਮਿਕਾ ਨਿਭਾ ਸਕਦੀ ਹੈ। ਕੁਦਰਤੀ ਆਫ਼ਤਾਂ, ਮਹਾਂਮਾਰੀਆਂ ਅਤੇ ਕੁਦਰਤੀ ਸੰਕਟ ਦੇ ਦ੍ਰਿਸ਼ਾਂ ਨੇ ਮਨੁੱਖਾਂ ਨੂੰ ਕੁਦਰਤ ਦੇ ਸੂਖਮ ਸੰਤੁਲਨ ਨੂੰ ਬਣਾਈ ਰੱਖਣ ਦੀ ਜ਼ਰੂਰਤ ਨੂੰ ਦਰਸਾਇਆ ਹੈ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਦੇ ਲਾਭ ਲਈ ਧਰਤੀ 'ਤੇ ਜੀਵਨ ਦੀ ਨਿਰੰਤਰਤਾ ਨੂੰ ਯਕੀਨੀ ਬਣਾਇਆ ਜਾ ਸਕੇ।

i) ਪ੍ਰ੦- ਵਾਤਾਵਰਨ ਪ੍ਰਣਾਲੀ ਨੂੰ ਸਿਹਤਮੰਦ ਰੱਖਣ ਲਈ ਹਰ ਕੋਈ ਕਿਸ ਉੱਤੇ ਨਿਰਭਰ ਕਰਦਾ ਹੈ?

ੳ) ਜੰਗਲਾਂ ਉੱਤੇ          ਅ) ਇੱਕ ਦੂਜੇ ਉੱਤੇ

ੲ) ਊਰਜਾ ਉੱਤੇ          ਸ) ਪਾਣੀ ਉੱਤੇ

ii) ਪ੍ਰ੦- ਕੁਦਰਤ ਵਿੱਚ ਕੀ ਦੇਖਿਆ ਜਾ ਸਕਦਾ ਹੈ?

ੳ) ਸ਼ਾਂਤੀ          ਅ) ਤੂਫ਼ਾਨ

ੲ) ਬਹੁਤ ਸਾਰੇ ਰੰਗ          ਸ) ਬਹੁਤ ਸਾਰੇ ਜੀਵ

iii) ਪ੍ਰ੦- ਜਾਨਵਰ ਤੇ ਪੰਛੀ ਆਪਣਾ ਨਿਵਾਸ ਸਥਾਨ ਕਿੱਥੇ ਲੱਭਦੇ ਹਨ?

ੳ) ਕੁਦਰਤ ਵਿੱਚ          ਅ) ਰੁੱਖਾਂ ਹੇਠਾਂ

ੲ) ਗੁਫ਼ਾ ਵਿੱਚ          ਸ) ਖੇਤਾਂ ਵਿੱਚ

iv) ਪ੍ਰ੦- ਆਬਾਦੀ ਦੇ ਵਾਧੇ ਨਾਲ ਕੀ ਹੋ ਰਿਹਾ ਹੈ?

ੳ) ਕੰਮ ਕਰਨ ਵਾਲੇ ਵਧ ਰਹੇ ਹਨ।

ਅ) ਸਰੋਤ ਘੱਟ ਰਹੇ ਹਨ।

ੲ) ਪ੍ਰਦੂਸ਼ਣ ਵਧ ਰਿਹਾ ਹੈ।

ਸ) ਭੀੜ ਵਧ ਰਹੀ ਹੈ।

v) ਪ੍ਰ੦- ਕੁਦਰਤੀ ਆਫ਼ਤਾਂ ਨੇ ਮਨੁੱਖਾਂ ਨੂੰ ਕਿਸਦੀ ਜ਼ਰੂਰਤ ਨੂੰ ਦਰਸਾਇਆ ਹੈ?

ੳ) ਬਚਤ ਕਰਨ ਦੀ ਆਦਤ ਬਾਰੇ।

ਅ) ਮਿਲ-ਜੁਲ ਕੇ ਰਹਿਣ ਦੀ।

ੲ) ਆਪਣੇ ਘਰ ਮਜਬੂਤ ਬਣਾਉਣ ਦੀ।

ਸ) ਕੁਦਰਤ ਦੇ ਸੂਖਮ ਸੰਤੁਲਨ ਦੀ।

DoE, Delhi

| | | |
|---|---|---|
| | vi) ਪ੍ਰ੦- ਆਉਣ ਵਾਲੀਆਂ ਪੀੜ੍ਹੀਆਂ ਲਈ ਧਰਤੀ 'ਤੇ ਕਿਸਨੂੰ ਯਕੀਨੀ ਬਣਾਉਣ ਦੀ ਲੋੜ ਹੈ?<br>ੳ) ਵੱਡਿਆਂ ਦੇ ਆਦਰ ਨੂੰ।<br>ਅ) ਚੰਗੇ ਰੁਜ਼ਗਾਰ ਨੂੰ।<br>ੲ) ਜੀਵਨ ਦੀ ਨਿਰੰਤਰਤਾ ਨੂੰ।<br>ਸ) ਭਵਿੱਖ ਦੀਆਂ ਯੋਜਨਾਵਾਂ ਨੂੰ। | |
| 2. | ਹੇਠ ਲਿਖੀ ਕਾਵਿ-ਟੁਕੜੀ ਨੂੰ ਧਿਆਨ ਨਾਲ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਉਹਨਾਂ ਦੇ ਆਧਾਰ 'ਤੇ ਉੱਤਰ ਸ਼ੀਟ ਵਿੱਚ ਦਰਜ ਕਰੋ।<br>ਨਿੱਕੇ-ਨਿੱਕੇ ਪਿਆਰੇ-ਪਿਆਰੇ,<br>ਚਮਕਣ ਵਿੱਚ ਅਸਮਾਨੀ ਤਾਰੇ।<br>ਦਿਨ ਵੇਲੇ ਕਿਧਰੇ ਲੁਕ ਜਾਂਦੇ,<br>ਰਾਤੀਂ ਆ ਫਿਰ ਟਿਮਟਿਮਾਉਂਦੇ।<br>ਜਦ ਜ਼ਰਾ ਕੁ ਬੱਦਲ ਹੋਵਣ,<br>ਉਹਨਾਂ ਪਿੱਛੇ ਮੂੰਹ ਲੁਕੋਵਣ।<br>ਬੱਦਲ ਜਦ ਪਰ੍ਹਾਂ ਹੋ ਜਾਵਣ,<br>ਫਿਰ ਲੱਗਦੇ ਝਾਤੀਆਂ ਪਾਵਣ।<br>i) ਪ੍ਰ੦- ਅਸਮਾਨ ਵਿੱਚ ਚਮਕਦੇ ਤਾਰੇ ਕਿਹੋ ਜਿਹੇ ਹਨ?<br>ii) ਪ੍ਰ੦- ਤਾਰੇ ਕਦੋਂ ਟਿਮਟਿਮਾਉਂਦੇ ਹਨ?<br>iii) ਪ੍ਰ੦- ਤਾਰੇ ਬੱਦਲਾਂ ਪਿੱਛੇ ਕੀ ਕਰਦੇ ਹਨ?<br>iv) ਪ੍ਰ੦- ਤਾਰੇ ਕਦੋਂ ਝਾਤੀਆਂ ਪਾਉਣ ਲੱਗਦੇ ਹਨ? | 1x4=4 |
| | **ਭਾਗ-ਅ (ਵਿਆਕਰਨ)** | |
| 3. | ਸਮਾਸੀ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ)<br>i) ਹੇਠ ਲਿਖੇ ਵਿਕਲਪਾਂ ਵਿੱਚੋਂ ਸਹੀ ਸਮਾਸੀ ਸ਼ਬਦ ਚੁਣੋ।<br>ੳ) ਕੋਲ-ਨੇੜੇ ਅ) ਤਾਲ-ਥਾਲ<br>ੲ) ਅੰਗ-ਸੰਗ ਸ) ਗਿਆ-ਲਿਆ<br>ii) ਹੇਠ ਲਿਖੇ ਵਿਕਲਪਾਂ ਵਿੱਚੋਂ ਸਮਾਨ ਅਰਥਾਂ ਵਾਲਾ ਸਮਾਸੀ ਸ਼ਬਦ ਚੁਣੋ।<br>ੳ) ਪਾਪ-ਪੁੰਨ ਅ) ਖਰਾ-ਖੋਟਾ<br>ੲ) ਸੋਹਣਾ-ਸੁਣੱਖਾ ਸ) ਹਾਰ-ਜਿੱਤ<br>iii) ਹੇਠ ਲਿਖੇ ਵਿਕਲਪਾਂ ਵਿੱਚੋਂ ਭਿੰਨ ਅਰਥਾਂ ਵਾਲਾ ਸਮਾਸੀ ਸ਼ਬਦ ਚੁਣੋ।<br>ੳ) ਅਮਨ-ਚੈਨ ਅ) ਵਿਆਹ-ਸ਼ਾਦੀ<br>ੲ) ਰੂਪ-ਰੰਗ ਸ) ਦੇਸੀ-ਵਿਦੇਸ਼ੀ | 1x2=2 |

DoE Delhi

| | | |
|---|---|---|
| 4. | ਬਹੁ-ਅਰਥਕ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ)<br>i) ਹੇਠ ਲਿਖੇ ਅਨੁਸਾਰ ਕਿਹੜਾ ਸ਼ਬਦ 'ਛੱਟ' ਸ਼ਬਦ ਦਾ ਬਹੁਅਰਥਕ ਨਹੀਂ ਹੈ।<br>ੳ) ਗੁਜ਼ਾਰਾ ਅ) ਝਾੜਨਾ<br>ੲ) ਥੋੜਾ ਸ) ਛੇਤੀ<br>ii) 'ਟੱਲੀ' ਦਾ ਇੱਕ ਅਰਥ ਹੈ 'ਨਸ਼ੇ ਵਿੱਚ ਹੋਣਾ' ਇਸਦਾ ਦੂਜਾ ਅਰਥ ਕੀ ਹੋਵੇਗਾ?<br>ੳ) ਘੰਟੀ ਅ) ਟੋਲਣਾ<br>ੲ) ਟੱਲ ਸ) ਟਾਲਣਾ<br>iii) ਹੇਠ ਲਿਖੇ ਅਨੁਸਾਰ ਕਿਹੜਾ ਸ਼ਬਦ 'ਇਸਤਰੀ' ਸ਼ਬਦ ਦਾ ਬਹੁਅਰਥਕ ਹੈ?<br>ੳ) ਬੇਟੀ ਅ) ਨਾਰੀ<br>ੲ) ਕੁੜੀ ਸ) ਧੀ | 1x2=2 |
| 5. | ਕਿਰਿਆ-ਵਿਸ਼ੇਸ਼ਣ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ)<br>i) ਕਿਰਿਆ-ਵਿਸ਼ੇਸ਼ਣ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ?ਹੇਠ ਲਿਖੇ ਅਨੁਸਾਰ ਚੁਣੋ।<br>ੳ) ਪੰਜ ਅ) ਅੱਠ<br>ੲ) ਦੋ ਸ) ਦਸ<br>ii) 'ਮੈਂ ਸ਼ਾਮ ਨੂੰ ਖੇਡਦਾ ਹਾਂ।' ਹੇਠ ਲਿਖੇ ਅਨੁਸਾਰ ਕਿਰਿਆ ਵਿਸ਼ੇਸ਼ਣ ਦੀ ਕਿਸਮ ਚੁਣੋ।<br>ੳ) ਨਿਸ਼ਚੇਵਾਚਕ ਅ) ਸਥਾਨਵਾਚਕ<br>ੲ) ਕਾਲਵਾਚਕ ਸ) ਪਰਿਮਾਣਵਾਚਕ<br>iii) ਹੇਠ ਲਿਖੇ ਸ਼ਬਦ ਸਮੂਹਾਂ ਵਿੱਚੋਂ ਮਿਣਤੀਵਾਚਕ ਕਿਰਿਆ-ਵਿਸ਼ੇਸ਼ਣ ਚੁਣੋ।<br>ੳ) ਥੋੜਾ,ਬਹੁਤ ਅ) ਛੇਤੀ,ਹੌਲੀ<br>ੲ) ਅੱਜ,ਪਰਸੋਂ ਸ) ਦੂਰ,ਨੇੜੇ | 1x2=2 |
| 6. | ਅਗੇਤਰ-ਪਿਛੇਤਰ (ਪੁੱਛੇ ਗਏ ਅਨੁਸਾਰ ਹੱਲ ਕਰੋ)<br>i) ਹੇਠ ਲਿਖੇ ਅਨੁਸਾਰ ਕਿਸੇ ਇੱਕ ਅਗੇਤਰ ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਉ।<br>ਕੁ, ਅਣ<br>ii) ਹੇਠ ਲਿਖੇ ਅਨੁਸਾਰ ਕਿਸੇ ਇੱਕ ਪਿਛੇਤਰ ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਉ।<br>ਈਲਾ, ਆਰੀ | 1x2=2 |
| 7. | ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕਿਸੇ ਚਾਰ ਨੂੰ ਵਾਕਾਂ ਵਿੱਚ ਵਰਤ ਕੇ ਅਰਥ ਸਪਸ਼ਟ ਕਰੋ।<br>ਕੁੱਤੇ ਦੀ ਮੌਤ ਮਰਨਾ,ਖਾਰ ਖਾਉਣਾ, ਗਰਮ ਹੋਣਾ,ਘਰ ਕਰਨਾ,ਚਿਹਰਾ ਉਤਰਿਆ ਹੋਣਾ,ਛੱਕੇ ਛੁਡਾਉਣਾ। | 1x4=4 |
| | **ਭਾਗ-ੲ (ਪ੍ਰਭਾਵਸ਼ਾਲੀ ਲਿਖਣ-ਕੌਸ਼ਲ)** | |

| | | |
|---|---|---|
| 8. | ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ ਲਗਭਗ 200 ਸ਼ਬਦਾਂ ਵਿੱਚ ਲੇਖ ਲਿਖੋ।<br>i) ਵਿੱਦਿਆ ਵੀਚਾਰੀ ਤਾਂ ਪਰਉਪਕਾਰੀ<br>(ਜਾਣ-ਪਛਾਣ --------ਗੁਰਬਾਣੀ ਦੀ ਤੁਕ ----------ਅਜੋਕੇ ਯੁੱਗ ਵਿੱਚ ਵਿੱਦਿਆ ਦਾ ਮਹੱਤਵ -------- ਰੁਜ਼ਗਾਰ ਪ੍ਰਾਪਤੀ ਦਾ ਸਾਧਨ ----------- ਸਮਾਜ ਵਿੱਚ ਸਤਿਕਾਰ ਮਿਲਣਾ ---------ਵਿੱਦਿਆ ਪ੍ਰਾਪਤੀ ਦੇ ਲਾਭ ----------ਚੰਗੇ ਮਾਨਵੀ ਗੁਣਾਂ ਦੀ ਪ੍ਰਾਪਤੀ---------- ਸਿੱਟਾ ------------)<br>ii) ਵਾਯੂ ਪ੍ਰਦੂਸ਼ਣ<br>(ਜਾਣ-ਪਛਾਣ ------------- ਵਾਯੂ ਪ੍ਰਦੂਸ਼ਣ ਦਾ ਅਰਥ --------- ਕਾਰਨ --------ਸਭਨਾਂ ਲਈ ਭਿਆਨਕ ਸਮੱਸਿਆ ---------- ਵਾਤਾਵਰਨ ਵਿੱਚ ਜ਼ਹਿਰੀਲੀਆਂ ਗੈਸਾਂ ਦਾ ਮਿਸ਼ਰਨ -------ਭਵਿੱਖ ਵਿੱਚ ਖਤਰੇ ----------ਰੋਕਥਾਮ ਦੇ ਤਰੀਕੇ --------------ਸਿੱਟਾ -------)<br>iii) ਇੰਟਰਨੈਟ ਦੀ ਵਰਤੋਂ<br>(ਜਾਣ-ਪਛਾਣ----------ਇੰਟਰਨੈਟ ਕੀ ਹੈ? --------- ਵਰਤੋਂ ਦਾ ਢੰਗ ------------ਕਿਵੇਂ ਕੰਮ ਕਰਦਾ ਹੈ? ------------ਦੁਨੀਆ ਨੂੰ ਜੋੜਨਾ ------------ਕੰਮ ਵਿੱਚ ਸੌਖ ਹੋਣੀ --------- ਸਾਵਧਾਨੀ ਜ਼ਰੂਰੀ ----------------ਸਿੱਟਾ-----------) | 8 |
| 9. | ਤੁਹਾਡੀ ਜਮਾਤ ਨੂੰ ਸਾਇੰਸ ਮਿਉਜ਼ੀਅਮ ਦੇਖਣ ਲਈ ਲਿਜਾਇਆ ਗਿਆ ਪਰੰਤੂ ਤੁਸੀਂ ਉਸ ਦਿਨ ਬਿਮਾਰ ਸੀ। ਆਪਣੇ ਸਕੂਲ ਮੁਖੀ ਨੂੰ ਦੂਸਰੇ ਸੈਕਸ਼ਨ ਦੇ ਨਾਲ ਸਾਇੰਸ ਮਿਉਜ਼ੀਅਮ ਦੇਖਣ ਜਾਣ ਦੀ ਇਜਾਜ਼ਤ ਦੇਣ ਲਈ ਬਿਨੈ-ਪੱਤਰ ਲਿਖੋ।<br>(ਜਮਾਤ ਦਾ ਸਾਇੰਸ ਮਿਉਜ਼ੀਅਮ ਦੇਖਣ ਜਾਣਾ ------------ ਤੁਹਾਡਾ ਬਿਮਾਰ ਹੋਣਾ ----------- ਸਾਇੰਸ ਮਿਉਜ਼ੀਅਮ ਦੇਖਣ ਦੀ ਇੱਛਾ ----------- ਦੂਸਰੇ ਸੈਕਸ਼ਨ ਦੇ ਜਾਣ ਬਾਰੇ ਪਤਾ ਲੱਗਣਾ ------------ ਸਾਇੰਸ ਵਿੱਚ ਰੁਚੀ ਹੋਣਾ --------- ਦੂਸਰੇ ਸੈਕਸ਼ਨ ਨਾਲ ਜਾਣ ਬਾਰੇ ਇਜਾਜ਼ਤ ਲੈਣਾ --------------)<br>ਜਾਂ<br>ਆਪਣੇ ਛੋਟੇ ਭਰਾ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਭਾਗ ਲੈਣ ਲਈ ਇੱਕ ਪ੍ਰੇਰਣਾਦਾਇਕ ਪੱਤਰ ਲਿਖੋ।<br>( ਹਰ ਵੇਲੇ ਪੜ੍ਹਾਈ ਵਿੱਚ ਰੁੱਝੇ ਰਹਿਣ ਵਾਲਾ------------- ਸਿਹਤ ਖਰਾਬ ਹੋਣਾ -------------- ਖੇਡਾਂ ਦਾ ਮਹੱਤਵ ਦੱਸਣਾ --------- ਖੇਡਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕਰਨਾ --------) | 6 |
| 10 | ਹੇਠ ਦਿੱਤੀ ਤਸਵੀਰ ਨੂੰ ਧਿਆਨ ਨਾਲ ਦੇਖ ਕੇ 50 ਸ਼ਬਦਾਂ ਵਿੱਚ ਵਰਨਣ ਕਰੋ। | 4 |

DoE Delhi

| | | |
|---|---|---|
| | <br><br>**ਨੋਟ- ਇਹ ਪ੍ਰਸ਼ਨ ਤਸਵੀਰ ਅਧਾਰਤ ਪ੍ਰਸ਼ਨ ਦੀ ਥਾਂ ਸਿਰਫ਼ ਨੇਤਰਹੀਣ ਵਿਦਿਆਰਥੀਆਂ ਲਈ ਹੈ।**<br>ਆਪਣੇ ਸਕੂਲ ਮੁਖੀ ਨੂੰ ਜ਼ਰੂਰੀ ਕੰਮ ਦੀ ਛੁੱਟੀ ਲੈਣ ਲਈ ਬਿਨੈ-ਪੱਤਰ ਲਿਖੋ। | |
| | **ਭਾਗ-ਸ (ਪਾਠ-ਪੁਸਤਕਾਂ 'ਤੇ ਅਧਾਰਤ ਪ੍ਰਸ਼ਨ)** | |
| 11 | ਕਹਾਣੀ ਤੇ ਵਾਰਤਕ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ)<br>i) ਮਹਿੰਗੀ ਅਤੇ ਪਿਆਰੀ ਵਿਰਾਸਤ ਕਿਸਨੂੰ ਕਿਹਾ ਗਿਆ ਹੈ?<br>ੳ) ਜ਼ਮੀਨ ਨੂੰ ਅ) ਵਿੱਦਿਆ ਨੂੰ<br>ੲ) ਬੋਲੀ ਨੂੰ ਸ) ਸ਼ਖਸੀਅਤ ਨੂੰ<br>ii) ਚੜਿਕ ਪਿੰਡ ਕੌਣ ਵਿਆਹਿਆ ਹੋਇਆ ਸੀ?<br>ੳ) ਬਾਬਿਆਂ ਦੀ ਧੀ ਅ) ਬਾਬਿਆਂ ਦੀ ਭੈਣ<br>ੲ) ਬਾਬਿਆਂ ਦੀ ਮਾਸੀ ਸ) ਬਾਬਿਆਂ ਦੀ ਭੂਆ<br>iii) ਤੇਜ਼ ਤੁਰਨਾ ਕਿਸ ਦੀ ਨਿਸ਼ਾਨੀ ਹੈ?<br>ੳ) ਅਸ਼ਿਸ਼ਟਤਾ ਦੀ ਅ) ਰੋਅਬ ਦੀ<br>ੲ) ਘਮੰਡ ਦੀ ਸ) ਸਾਊਪੁਣੇ ਦੀ<br>iv) ਪਹਿਲੀ ਜੰਗ ਸਮੇਂ ਕੀ ਹੋ ਗਿਆ ਸੀ?<br>ੳ) ਲੜਾਈ ਅ) ਮਹਿੰਗਾਈ<br>ੲ) ਨਫ਼ਰਤ ਸ) ਸਮਝੌਤਾ<br>v) ਛੋਟੀ ਉਮਰੇ ਕੌਣ ਦੁਨੀਆ ਤੋਂ ਤੁਰ ਗਿਆ ਸੀ?<br>ੳ) ਇੰਸਪੈਕਟਰ ਅ) ਮਹਿੰਦਰ<br>ੲ) ਅਮਰੀਕ ਸ) ਕਰਤਾਰ ਸਿੰਘ | 1x5=5 |

DoE, Delhi

| | | |
|---|---|---|
| | Vi) ਠੱਠੀ ਖਾਰਾ ਕਿਸਦਾ ਪਿੰਡ ਸੀ?<br>ੳ) ਮਾਨ ਸਿੰਘ ਦਾ ਅ) ਡਾਕੀਏ ਦਾ<br>ੲ) ਕਰਮ ਸਿੰਘ ਦਾ ਸ) ਜਪਾਨੀਆਂ ਦਾ | |
| 12 | ਕਵਿਤਾ ਤੇ ਇਕਾਂਗੀ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ)<br>i) ਬੇਸ਼ੁਮਾਰ ਭੁੱਲਾਂ ਕੌਣ ਕਰਦਾ ਹੈ?<br>ੳ) ਬੱਚੇ ਅ) ਵੱਡੇ<br>ੲ) ਵਿਦਿਆਰਥੀ ਸ) ਜੀਵ<br>ii) ਗੁਰੂ ਨਾਨਕ ਦੇਵ ਜੀ ਕਿਸ ਯੁੱਗ ਵਿੱਚ ਪ੍ਰਗਟ ਹੋਏ?<br>ੳ) ਸਤਿਜੁਗ ਅ) ਤ੍ਰੇਤਾ<br>ੲ) ਦੁਆਪਰ ਸ) ਕਲਜੁਗ<br>iii) 'ਜੰਗ ਦਾ ਹਾਲ' ਰਚਨਾ ਕਿਸ ਦੁਆਰਾ ਲਿਖੀ ਹੋਈ ਹੈ?<br>ੳ) ਭਾਈ ਵੀਰ ਸਿੰਘ ਅ) ਗੁਰੂ ਅਮਰਦਾਸ ਜੀ<br>ੲ) ਗੁਰੂ ਨਾਨਕ ਦੇਵ ਜੀ ਸ) ਸ਼ਾਹ ਮੁਹੰਮਦ<br>iv) ਔਰੰਗਜ਼ੇਬ ਦੀਆਂ ਚੀਕਾਂ ਸੁਣ ਕੇ ਕੌਣ ਆਇਆ ਸੀ?<br>ੳ) ਬੇਗਮ ਉਦੈਪੁਰੀ ਅ) ਮੁਅੱਜ਼ਮ<br>ੲ) ਜ਼ੀਨਤ ਸ) ਭਾਈ ਦਇਆ ਸਿੰਘ<br>v) ਮਨਜੀਤ ਕਿਸ ਸਭਾ ਦੀ ਮੈਂਬਰ ਹੈ?<br>ੳ) ਮਹਿਲਾ ਅਤੇ ਬਾਲ ਕਲਿਆਣ<br>ਅ) ਲੋਕ-ਇਸਤਰੀ ਸਭਾ<br>ੲ) ਚਿਪਕੋ ਲਹਿਰ<br>ਸ) ਬੇਟੀ ਬਚਾਓ<br>vi) ਮਨਜੀਤ ਕਿਸਦੇ ਆਉਣ ਦੀ ਤਿਆਰੀ ਵਿੱਚ ਲੱਗੀ ਹੋਈ ਹੈ?<br>ੳ) ਸੁਖਦੇਵ ਅ) ਬੀਬੀ<br>ੲ) ਸਕੱਤਰ ਸ) ਭਰਾ | 1x5=5 |
| 13 | ਕਹਾਣੀ ਤੇ ਵਾਰਤਕ ਵਿੱਚੋਂ (ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਉ)<br>i) ਬਿਰਧ ਬੀਬੀ ਦਾ ਸੁਭਾਅ ਖਰ੍ਹਵਾ ਹੋਣ ਦਾ ਕੀ ਕਰਨ ਸੀ?<br>ii) ਮਹਾਰਾਜਾ ਰਣਜੀਤ ਸਿੰਘ ਨੇ ਨੀਂਦ ਆਉਣ ਲਈ ਕਿਸ ਅੱਗੇ ਬੇਨਤੀ ਕੀਤੀ?<br>iii) ਆਪਣੇ ਦੇਸ਼ ਅਤੇ ਪ੍ਰਾਂਤ ਦੀ ਵਿਸ਼ਾਲਤਾ ਦਾ ਗਿਆਨ ਕਿਵੇਂ ਹੁੰਦਾ ਹੈ?<br>iv) ਕਰਤਾਰ ਸਿੰਘ ਕਿਸਦਾ ਖਤ ਆਉਣ ਕਰਕੇ ਖਿਝਿਆ ਰਹਿੰਦਾ ਸੀ?<br>v) 'ਧਰਤੀ ਹੇਠਲਾ ਬਲਦ' ਕਿਸਨੂੰ ਕਿਹਾ ਗਿਆ ਹੈ? | 1x4=4 |

DoE, Delhi

| | | |
|---|---|---|
| 14 | ਕਹਾਣੀ, ਵਾਰਤਕ ਅਤੇ ਇਕਾਂਗੀ ਵਿੱਚੋਂ (ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਉ)<br>i) 'ਤੁਸੀਂ ਤੱਕਾ ਦੇ ਦਿਓ,ਮੈਨੂੰ ਨਹੀਂ ਲੱਗਦੀ-ਲੁੱਗਦੀ ਖੰਘ।'ਕਾਕੇ ਦੇ ਇਹਨਾਂ ਸ਼ਬਦਾਂ ਤੋਂ ਕੀ ਭਾਵ ਹੈ?<br>ii) ਕਰਤਾਰ ਸਿੰਘ ਦਾ ਆਪਣੀ ਪਤਨੀ ਨਾਲ ਕਿਹੋ ਜਿਹਾ ਵਿਹਾਰ ਹੁੰਦਾ ਸੀ?<br>iii) ਡਾਕੀਏ ਨੂੰ ਦੇਖ ਕੇ ਕਰਮ ਸਿੰਘ ਦੇ ਬਾਪੂ ਦੇ ਮਨ ਵਿੱਚ ਕੀ ਵਿਚਾਰ ਆਏ?<br>iv) ਲੇਖਕ ਨੇ ਗੁਰੂ ਨਾਨਕ ਦੇਵ ਜੀ ਦਾ ਮਾਤਾ ਨਾਲ ਮਿਲਾਪ ਦਾ ਦ੍ਰਿਸ਼ ਕਿਹੋ-ਜਿਹਾ ਚਿੱਤਰਿਆ ਹੈ?<br>v) ਕੈਦੀ ਨੇ ਆਪਣੀ ਰਿਹਾਈ ਸਮੇਂ ਮਹਾਰਾਜਾ ਰਣਜੀਤ ਸਿੰਘ ਨੂੰ ਕੀ ਕਿਹਾ?<br>vi) ਲੋਕ ਭਲਵਾਨਾਂ ਦਾ ਕਿਵੇਂ ਸਤਿਕਾਰ ਕਰਦੇ ਸਨ?<br>vii) ਔਰੰਗਜ਼ੇਬ ਕਾਸਦ ਨੂੰ ਕਿਹੜਾ ਕੰਮ ਕਰਨ ਲਈ ਬੁਲਾਉਂਦਾ ਹੈ?<br>viii) ਨਿਹਾਲ ਕੌਰ ਆਪਣੀ ਧੀ ਦੀ ਕਿਹੜੀ ਹੋਣੀ ਦੀ ਗੱਲ ਕਰਦੀ ਹੈ? | 2x7=14 |
| 15 | ਕਵਿਤਾ ਤੇ ਵਾਰਤਕ ਵਿੱਚੋਂ (ਉੱਤਰ 50-60 ਸ਼ਬਦਾਂ ਵਿੱਚ ਦਿਉ)<br>i) 'ਕਿਰਪਾ ਕਰਿ ਕੈ ਬਖਸਿ ਲੈਹੁ' ਸ਼ਬਦ ਵਿੱਚ ਪਰਮਾਤਮਾ ਅੱਗੇ ਸਾਡੀ ਕੀ ਅਰਦਾਸ ਹੈ?<br>ਜਾਂ<br>'ਸਤਿਗੁਰ ਨਾਨਕ ਪ੍ਰਗਟਿਆ' ਦਾ ਕੇਂਦਰੀ ਭਾਵ ਲਿਖੋ।<br>ii) ਸਾਡੇ ਰੋਜ਼ਾਨਾ ਜੀਵਨ ਵਿੱਚ ਬੋਲੀ ਦਾ ਕੀ ਮਹੱਤਵ ਹੈ?<br>ਜਾਂ<br>ਤੁਰਨ ਨਾਲ ਸਾਨੂੰ ਕਿਹੜੇ-ਕਿਹੜੇ ਨੈਤਿਕ ਅਤੇ ਸਦਾਚਾਰਿਕ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ? | 4x2=8 |
| 16 | ਇਕਾਂਗੀ ਵਿੱਚੋਂ (ਕਿਸੇ ਇੱਕ ਪ੍ਰਸ਼ਨ ਦਾ ਉੱਤਰ 50-60 ਸ਼ਬਦਾਂ ਵਿੱਚ ਦਿਉ।<br>i) ਵਜ਼ੀਰ ਖਾਨ ਨੇ ਔਰੰਗਜ਼ੇਬ ਦਾ ਨਾਂ ਕਿਵੇਂ ਬਦਨਾਮ ਕੀਤਾ ਹੈ?<br>ii) ਸੁਖਦੇਵ ਸਿੰਘ ਦਾ ਪਾਤਰ-ਚਿਤਰਨ ਕਰੋ। | 4x1=4 |